# 1 ਮੇਰੀ ਪਿਆਰੀ ਬਿੱਲੀ ਲੱਭੋ!

## ਆਓ ਗਾਈਏ
















© NCERT not to be republished



ਆਓ,ਆਓ,ਆਓ,
ਮੇਰੀ ਪਿਆਰੀ ਬਿੱਲੀ, ਮੇਰੇ ਕੋਲ਼ ਆਓ!
ਕਦੇ ਤੂੰ ਜਾਰ ਨੂੰ ਥੱਲੋਂ ਖਿਸਕਾਇਆ।
ਕਦੇ ਤੂੰ ਕਾਰ ਦੀ ਛੱਤ ਨੂੰ ਖੇਡ ਬਣਾਇਆ।
ਮੇਰੀ ਪਿਆਰੀ ਬਿੱਲੀ, ਮੇਰੇ ਕੋਲ਼ ਆਓ!





ਆਓ,ਆਓ,ਆਓ,
ਮੇਰੀ ਪਿਆਰੀ ਬਿੱਲੀ, ਮੇਰੇ ਕੋਲ਼ ਆਓ!
ਤੁਹਾਨੂੰ ਦੇਖਿਆ ਛਾਲ ਮਾਰਦੇ, ਟੋਪੀ ਦੇ ਉੱਪਰ।
ਲੁਕਦੇ ਦੇਖਿਆ ਤੈਨੂੰ ਦਰੀ ਦੇ ਥੱਲੇ।
ਇੱਧਰ ਆਓ! ਮੇਰੀ ਪਿਆਰੀ ਬਿੱਲੀ !

ਕਵਿਤਾ ਨੂੰ ਉੱਚੀ ਅਵਾਜ਼ ਵਿੱਚ ਪੜ੍ਹੋ। ਬੱਚਿਆਂ ਨੂੰ ਇਸ ਦਾ ਉਚਾਰਨ ਕਰਨ ਅਤੇ ਨਾਟਕੀ ਰੂਪ 'ਚ ਪ੍ਰਦਰਸ਼ਨ ਕਰਨ ਲਈ ਕਹੋ । ਬੱਚੇ ਤਸਵੀਰਾਂ ਨੂੰ ਦੇਖ ਸਕਦੇ ਹਨ ਅਤੇ ਜੋ ਉਹ ਦੇਖਦੇ ਹਨ ਅਤੇ ਹੋਰ ਜੋ ਵੀ ਜਮਾਤ ਵਿੱਚ ਹੈ, ਉਹਨਾਂ ਚੀਜ਼ਾਂ ਬਾਰੇ ਚਰਚਾ ਕਰ ਸਕਦੇ ਹਨ ਤੇ ਦੱਸ ਸਕਦੇ ਹਨ ਕਿ ਕਿਹੜੀਆਂ-ਕਿਹੜੀਆਂ ਵਸਤਾਂ ਉੱਪਰ, ਹੇਠਾਂ, ਉੱਤੇ, ਥੱਲੇ ਆਦਿ ਹਨ । ਉਹਨਾਂ ਨੂੰ ਉਹਨਾਂ ਜਾਨਵਰਾਂ ਬਾਰੇ ਗੱਲ ਕਰਨ ਲਈ ਉਤਸ਼ਾਹਿਤ ਕਰੋ ਜੋ ਉਹ ਆਪਣੇ ਆਲ਼ੇ-ਦੁਆਲ਼ੇ ਦੇਖਦੇ ਹਨ ਜਿਵੇਂ ਕਿ ਬਿੱਲੀਆਂ, ਕੁੱਤੇ, ਗਾਵਾਂ ਆਦਿ।



© NCERT not to be republished

ਕਵਿਤਾ ਦੀਆਂ ਤਸਵੀਰਾਂ ਨੂੰ ਵੇਖੋ ਅਤੇ ਸਹੀ ਸ਼ਬਦਾਂ 'ਤੇ ਗੋਲਾ ਲਗਾਓ।

i. ਲਾਲ ਗੇਂਦ ਬੈੱਡ ਦੇ ਉੱਪਰ/ਹੇਠਾਂ/ਉੱਤੇ ਹੈ।
ii. ਬਿੱਲੀ ਕਾਰ ਦੇ ਅੰਦਰ/ਬਾਹਰ/ਉੱਤੇ ਹੈ।
iii. ਆਦਮੀ ਦਰਖ਼ਤ ਦੇ ਹੇਠਾਂ/ਅੰਦਰ/ਉੱਤੇ ਪਿਆ ਹੋਇਆ ਹੈ।
iv. ਗਾਂ ਘਰ ਦੇ ਅੰਦਰ/ਉੱਪਰ/ਬਾਹਰ ਹੈ।

## ਸੋਚੋ ਅਤੇ ਜਵਾਬ ਦਿਓ

i. ਤੁਸੀਂ ਆਪਣੇ ਜੁੱਤੇ ਕਿੱਥੇ ਰੱਖਦੇ ਹੋ ? ਕਮਰੇ ਦੇ ਅੰਦਰ/ਬਾਹਰ।
ii. ਤੁਸੀਂ ਕੂੜਾ ਕਿੱਥੇ ਸੁੱਟਦੇ ਹੋ ? ਕੂੜੇਦਾਨ ਦੇ ਅੰਦਰ/ਬਾਹਰ।?

## ਆਓ ਖੇਡੀਏ - ਚੀਜ਼ਾਂ ਲੱਭਣਾ

ਬੱਚੇ ਆਪਣੇ ਆਪ ਨੂੰ ਦੋ ਟੋਲੀਆਂ ਵਿੱਚ ਵੰਡ ਲੈਣ। ਇੱਕ ਟੋਲੀ ਕੁਝ ਚੀਜ਼ਾਂ ਜਿਵੇਂ ਕਿ ਸਫ਼ੈਦ ਚਾਕ, ਲਾਲ ਗੇਂਦ ਅਤੇ ਹੋਰ ਚੀਜ਼ਾਂ ਨੂੰ ਲੁਕਾਏਗੀ ਅਤੇ ਦੂਜੀ ਟੋਲੀ ਨੂੰ ਉਹਨਾਂ ਨੂੰ ਲੱਭਣ ਲਈ ਕਹੇਗੀ। ਬੱਚੇ ਸਥਿਤੀ ਅਨੁਸਾਰ ਸ਼ਬਦਾਂ ਜਿਵੇਂ ਕਿ ਅੰਦਰ/ਬਾਹਰ, ਦੂਰ/ਨੇੜੇ, ਉੱਪਰ/ਹੇਠਾਂ, ਆਦਿ ਦੀ ਵਰਤੋਂ ਕਰਕੇ ਚੀਜ਼ਾਂ ਨੂੰ ਲੱਭਣ ਲਈ ਮੌਖਿਕ ਹਦਾਇਤਾਂ ਦੇ ਸਕਦੇ ਹਨ। ਉਦਾਹਰਨ ਲਈ:—

ਇੱਕ ਸਫ਼ੈਦ ਚੀਜ਼ ਦੀ ਭਾਲ ਕਰੋ ਜੋ ਕਿ
ਬੋਰਡ ਦੇ ਨੇੜੇ ਅਤੇ ਮੇਜ਼ ਦੇ ਹੇਠਾਂ ਲੁਕੀ ਹੋਈ ਹੈ।
ਇੱਕ ਲਾਲ ਚੀਜ਼ ਦੀ ਭਾਲ ਕਰੋ ਜੋ ਕਿ ਜਮਾਤ ਦੇ ਬਾਹਰ ਅਤੇ
ਰੁੱਖ ਦੇ ਹੇਠਾਂ ਹੈ।।



© NCERT not to be republished

## ਆਓ ਖੇਡੀਏ - ਗੇਂਦ ਸੁੱਟਣਾ!

ਹਰ ਬੱਚਾ ਨਿਸ਼ਾਨਾ ਵਿੰਨ੍ਹਦਾ ਹੈ ਅਤੇ ਗੇਂਦ ਨੂੰ ਟੋਕਰੀ ਦੇ ਅੰਦਰ ਸੁੱਟਦਾ ਹੈ।
ਜਦੋਂ ਗੇਂਦ ਟੋਕਰੀ ਦੇ ਅੰਦਰ ਜਾਂਦੀ ਹੈ, ਤਾਂ ਦੂਜੇ ਬੱਚੇ 'ਅੰਦਰ' ਕਹਿਣਗੇ।
ਜਦੋਂ ਇਹ ਟੋਕਰੀ ਤੋਂ ਬਾਹਰ ਜਾਂਦੀ ਹੈ, ਤਾਂ ਉਹ 'ਬਾਹਰ' ਕਹਿੰਦੇ ਹਨ।



## ਆਓ ਕਰੀਏ

ੳ.ਅੰਦਰਲੀਆਂ ਚੀਜ਼ਾਂ 'ਤੇ ਸਹੀ ਦਾ ਨਿਸ਼ਾਨ ✓ ਲਗਾਓ।





ਗਤੀਵਿਧੀ ਉਹਨਾਂ ਦੀਆਂ ਵਿਲੱਖਣ ਯੋਗਤਾਵਾਂ ਦੀ ਪਰਵਾਹ ਕੀਤੇ ਬਿਨਾਂ,ਇਸ ਤਰੀਕੇ ਨਾਲ਼ ਕੀਤੀ ਜਾਣੀ ਚਾਹੀਦੀ ਹੈ ਕਿ ਸਾਰੇ ਬੱਚਿਆਂ ਦੀ ਭਾਗੀਦਾਰੀ ਹੋਵੇ। ਉਦਾਹਰਨ ਲਈ, ਗੇਂਦ ਨਾਲ਼ ਇੱਕ ਘੁੰਗਰੂ ਨੂੰ ਬੰਨ੍ਹਿਆ ਜਾ ਸਕਦਾ ਹੈ ਅਤੇ ਟੋਕਰੀ ਦੀ ਅੰਦਰੂਨੀ ਸਤ੍ਹਾ ਅਤੇ ਬਾਹਰੀ ਸਤ੍ਹਾ ਨੂੰ ਵੱਖ ਕੀਤਾ ਜਾ ਸਕਦਾ ਹੈ ਤਾਂ ਜੋ ਜਦੋਂ ਗੇਂਦ ਟੋਕਰੀ ਦੇ ਅੰਦਰ ਜਾਂ ਬਾਹਰ ਡਿੱਗਦੀ ਹੈ ਇੱਕ ਖ਼ਾਸ ਅਵਾਜ਼ ਨੂੰ ਪੈਦਾ ਕੀਤਾ ਜਾ ਸਕੇ।



© NCERT not to be republished

ਅ. ਬਾਹਰਲੀਆਂ ਚੀਜ਼ਾਂ 'ਤੇ ਸਹੀ ਦਾ ✓ ਨਿਸ਼ਾਨ ਲਗਾਓ।।





ੲ. ਤਸਵੀਰ ਨੂੰ ਦੇਖੋ ਅਤੇ ਸਹੀ ਸ਼ਬਦਾਂ 'ਤੇ ✓ ਨਿਸ਼ਾਨ ਲਗਾਓ।

1. ਇੱਕ ਮੁੰਡਾ ਦਰਖ਼ਤ ਉੱਤੇ/ਹੇਠਾਂ ਬੈਠਾ ਹੈ।।
2. ਪੰਛੀ ਦਰਖ਼ਤ ਉੱਤੇ/ਹੇਠਾਂ ਹਨ।



ਸ. ਨੱਕ ਦੇ ਹੇਠਾਂ ਮੁਸਕਰਾਹਟ ਅਤੇ ਅੱਖਾਂ ਦੇ ਉੱਪਰ ਭਰਵੱਟੇ ਬਣਾਉ।



© NCERT not to be republished

ਸਾਡੇ ਰਾਸ਼ਟਰੀ ਝੰਡੇ ਨੂੰ ਦੇਖੋ ਜਿਸ ਨੂੰ ਤਿਰੰਗਾ ਵੀ ਕਿਹਾ ਜਾਂਦਾ ਹੈ। ਇਸ ਵਿੱਚ ਕਿੰਨੇ ਰੰਗ ਹਨ? ਸਹੀ ਵਿਕਲਪ 'ਤੇ ਨਿਸ਼ਾਨ ਲਗਾਓ।

1. ਤਿਰੰਗੇ ਦੇ ਸਿਖਰ 'ਤੇ ਕਿਹੜਾ ਰੰਗ ਹੈ?

   ਸਫ਼ੈਦ/ਕੇਸਰੀ/ਹਰਾ

2. ਤਿਰੰਗੇ ਵਿੱਚ ਸਫ਼ੈਦ ਰੰਗ ਤੋਂ ਹੇਠਾਂ ਕਿਹੜਾ ਰੰਗ ਹੈ?

   ਗੁਲਾਬੀ/ਕੇਸਰੀ/ਹਰਾ

3. ਤਿਰੰਗੇ ਵਿੱਚ ਹਰੇ ਰੰਗ ਤੋਂ ਉੱਪਰ ਕਿਹੜਾ ਰੰਗ ਹੈ?

   ਸਫ਼ੈਦ/ਕੇਸਰੀ/ਪੀਲਾ

4. ਤਿਰੰਗੇ 'ਤੇ ਵਿੱਚ ਅਸ਼ੋਕ ਚੱਕਰ ਕਿੱਥੇ ਹੈ?

   ਇੱਕ ਕੋਨੇ 'ਤੇ/ਵਿਚਕਾਰ/ਇੱਕ ਪਾਸੇ



ਬੱਚਿਆਂ ਨਾਲ ਚਰਚਾ ਕਰੋ ਕਿ ਅਸੀਂ ਕਦੋਂ, ਕਿੱਥੇ ਅਤੇ ਕਿਉਂ ਰਾਸ਼ਟਰੀ ਝੰਡਾ ਲਹਿਰਾਉਂਦੇ ਹਾਂ? ਬੱਚਿਆਂ ਨੂੰ ਰਾਸ਼ਟਰੀ ਦਿਹਾੜਿਆਂ ਬਾਰੇ, ਆਪਣੀਆਂ ਭਾਵਨਾਵਾਂ ਪ੍ਰਗਟ ਕਰਨ ਦਿਓ। ਬੱਚਿਆਂ ਨੂੰ ਆਪਣਾ ਤਿਰੰਗਾ ਬਣਾਉਣ ਲਈ ਕਹੋ ਅਤੇ ਤਿਰੰਗੇ ਦੇ ਸਾਹਮਣੇ ਖੜ੍ਹੇ ਹੋ ਕੇ ਰਾਸ਼ਟਰੀ ਗੀਤ ਗਾਓ।

© NCERT not to be republished

# ਛੁੱਕ-ਛੁੱਕ ਕਰਦੀ ਚੱਲੀ ਸਾਡੀ ਰੇਲ !

ਛੁੱਕ-ਛੁੱਕ ! ਛੁੱਕ-ਛੁੱਕ !
ਛੁੱਕ-ਛੁੱਕ ਕਰਦੀ ਚੱਲੀ ਸਾਡੀ ਰੇਲ ।
ਪਹਾੜਾਂ ਦੇ ਉੱਤੇ, ਮੈਦਾਨਾਂ ਵੱਲ ਥੱਲੇ,
ਛੁੱਕ-ਛੁੱਕ ! ਛੁੱਕ-ਛੁੱਕ !
ਕਰਦੀ ਚੱਲੀ ਸਾਡੀ ਰੇਲ ।
ਕੁਝ ਡੱਬਿਆਂ ਦੇ ਅੱਗੇ ਡੱਬੇ,
ਕੁਝ ਡੱਬਿਆਂ ਦੇ ਪਿੱਛੇ ਡੱਬੇ,
ਬਣਾਉਂਦੇ ਇੱਕ ਚੇਨ,
ਨਦੀਆਂ ਦੇ ਉੱਤੇ ਤੇ ਮੀਂਹ ਦੇ ਵਿੱਚ
ਛੁੱਕ-ਛੁੱਕ ! ਛੁੱਕ-ਛੁੱਕ !
ਕਰਦੀ ਚੱਲੀ ਸਾਡੀ ਰੇਲ ।



ੳ. ਇੰਜਣ ਦੇ ਪਿੱਛੇ ਕਿੰਨੇ ਡੱਬੇ ਹਨ?
ਅ.. ਲਾਲ ਡੱਬੇ ਤੋਂ ਪਹਿਲਾਂ ਕਿੰਨੇ ਡੱਬੇ ਹਨ?
ੲ. . ਲਾਲ ਡੱਬੇ ਤੋਂ ਬਾਅਦ ਵਾਲ਼ੇ ਡੱਬਿਆਂ ਵਿੱਚ ਸੰਤਰੀ ਰੰਗ ਭਰੋ ।
ਸ. ਲਾਲ ਡੱਬੇ ਤੋਂ ਪਹਿਲਾਂ ਵਾਲ਼ੇ ਡੱਬਿਆਂ ਵਿੱਚ ਨੀਲਾ ਰੰਗ ਭਰੋ।

ਬੱਚਿਆਂ ਨੂੰ ਉਹਨਾਂ ਵੱਲੋਂ ਕੀਤੇ ਰੇਲ ਸਫ਼ਰ ਦੇ ਤਜ਼ਰਬੇ ਸਾਂਝੇ ਕਰਨ ਲਈ ਕਹੋ । ਜਿਨ੍ਹਾਂ ਬੱਚਿਆਂ ਨੇ ਰੇਲਗੱਡੀ ਦੁਆਰਾ ਕਦੇ ਯਾਤਰਾ ਨਹੀਂ ਕੀਤੀ ਹੈ ਉਹ ਰੇਲਗੱਡੀ ਬਾਰੇ ਸਵਾਲ ਪੁੱਛ ਸਕਦੇ ਹਨ । ਇਸ ਗੱਲ 'ਤੇ ਵੀ ਚਰਚਾ ਕਰੋ ਕਿ 'ਰੇਲ ' ਕੀ ਹੈ? ਉਹਨਾਂ ਨੂੰ ਕਾਗਜ਼ 'ਤੇ ਰੇਲਗੱਡੀ ਦਾ ਚਿੱਤਰ ਬਣਾਉਣ ਲਈ ਕਹੋ ਜਾਂ ਉਹ ਵਰਤੇ ਹੋਏ ਬਕਸਿਆਂ ਜਾਂ ਡੱਬਿਆਂ ਵਰਗੀ ਰਹਿੰਦ-ਖੂੰਹਦ ਸਮਗਰੀ ਦੀ ਵਰਤੋਂ ਨਾਲ ਵੀ ਰੇਲਗੱਡੀ ਬਣਾ ਸਕਦੇ ਹਨ।





# ਆਓ ਖੇਡੀਏ

ਬੱਚੇ ਕਵਿਤਾ ਗਾਉਣਗੇ ਅਤੇ ਇੱਕ ਖੇਡ ਖੇਡਣਗੇ, ਜਿੱਥੇ ਉਹ ਸਾਰੇ ਇੱਕ-ਦੂਜੇ ਦੇ ਮੋਢਿਆਂ ਨੂੰ ਫੜ ਕੇ ਇੱਕ ਰੇਲਗੱਡੀ ਬਣਾਉਣਗੇ। ਹਰ ਬੱਚਾ ਦੱਸੇਗਾ ਕਿ ਰੇਲਗੱਡੀ ਵਿੱਚ ਉਸ ਦੇ ਅੱਗੇ ਅਤੇ ਪਿੱਛੇ ਕੌਣ ਹੈ।




ਸੁਵਾਲੀ ਅਤੇ ਰੋਹਿਤ ਵਸਤੂਆਂ ਦੇ ਕੁਝ ਸਮੂਹ ਬਣਾ ਰਹੇ ਹਨ।




ਬੱਚਿਆਂ ਨੂੰ ਚੀਜ਼ਾਂ ਨੂੰ ਛਾਂਟਣ ਦੀਆਂ ਅਜਿਹੀਆਂ ਗਤੀਵਿਧੀਆਂ ਕਰਨ ਦਿਓ ਜਿਵੇਂ ਕਿ ਬੀਜ, ਪੱਤੇ, ਮਣਕੇ ਆਦਿ।



© NCERT not to be republished

## ਆਓ ਕਰੀਏ

ਸੁਵਾਲੀ ਨੇ ਸਾਰੇ ਬਟਨ ਤਿੰਨ ਸਮੂਹਾਂ ਵਿੱਚ ਰੱਖੇ ਹਨ।—



ਸੁਵਾਲੀ ਨੇ ਅਜਿਹੇ ਸਮੂਹ ਕਿਉਂ ਬਣਾਏ ਹਨ?

ਸੁਵਾਲੀ ਇਹਨਾਂ ਬਟਨਾਂ ਨੂੰ ਹੋਰ ਤਰੀਕਿਆਂ ਨਾਲ਼ ਕ੍ਰਮਬੱਧ ਕਰਨਾ ਚਾਹੁੰਦੀ ਹੈ। ਤੁਸੀਂ ਚਿੱਤਰ ਬਣਾ ਕੇ ਉਸ ਦੀ ਮਦਦ ਕਰੋ।—

© NCERT not to be republished

## ਪਰਿਯੋਜਨਾ ਕਾਰਜ

ਬੱਚਿਆਂ ਨੂੰ ਜਮਾਤ ਦੀ ਅਲਮਾਰੀ ਨੂੰ ਤਰਤੀਬਬੱਧ ਕਰਨ ਲਈ ਕਹੋ। ਅਧਿਆਪਕ ਬੱਚਿਆਂ ਨੂੰ ਸਥਿਤੀ ਨਾਲ਼ ਸੰਬੰਧਿਤ ਸ਼ਬਦਾਂ ਦਾ ਉਪਯੋਗ ਕਰਦੇ ਹੋਏ ਨਿਰਦੇਸ਼ ਦਿਓ; ਜਿਵੇਂ ਕਿ ਸਭ ਤੋਂ ਹੇਠਲੇ ਖਾਨੇ ਵਿੱਚ ਦੋ ਵਸਤੂਆਂ ਰੱਖੋ, ਸਭ ਤੋਂ ਉੱਪਰਲੇ ਖਾਨੇ ਵਿੱਚ ਇੱਕ ਵਸਤੂ ਰੱਖੋ ਆਦਿ।